**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**S.S.S. BOARD, PUNJAB**

**ਵਣ ਕੰਪਲੈਕਸ, ਸੈਕਟਰ-68 ਮੋਹਾਲੀ**

ਨੰਬਰ 1/39/2018-2ਅ/ 1498 ਮਿਤੀ, ਮੋਹਾਲੀ: 01/8/2018

## ਹੁਕਮ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ: 04/2016 ਰਾਹੀਂ ਪ੍ਰਕਾਸ਼ਿਤ ਕਲਰਕ ਅਤੇ ਡਾਟਾ ਐਂਟਰੀ ਓਪਰੇਟਰ ਦੀ ਅਸਾਮੀਆਂ ਦੀ ਭਰਤੀ ਲਈ ਮਿਤੀ 06/05/2018 ਨੂੰ ਲਈ ਗਈ ਲਿਖਤੀ ਪ੍ਰੀਖਿਆ ਦੇ ਨਤੀਜੇ ਸਬੰਧੀ ਉਮੀਦਵਾਰ ਸ੍ਰੀ ਵਰੁਣ (ਕੁਮਾਰ) ਪੁੱਤਰ ਸ੍ਰੀ ਸੀਤਾ ਰਾਮ ਰੋਲ ਨੰਬਰ 1064504, ਜਨਮ ਮਿਤੀ 08/04/1981 ਦੀ ਪ੍ਰਤੀਬੇਨਤੀ ਨੂੰ ਇਸ ਦਫਤਰ ਵਿੱਚ ਵਿਚਾਰਨ ਉਪਰੰਤ ਉਮੀਦਵਾਰ ਦੇ ਪੇਪਰ ਦੀ ਦੁਬਾਰਾ ਚੈਕਿੰਗ ਕੀਤੀ ਗਈ। ਪੇਪਰ ਦੀ ਦੁਬਾਰਾ ਚੈਕਿੰਗ ਦੌਰਾਨ ਪਾਇਆ ਗਿਆ ਕਿ ਪ੍ਰੀਖਿਆ ਦੌਰਾਨ invigilator ਦੇ ਹਸਤਾਖਰ ਪ੍ਰਸ਼ਨ ਨੰਬਰ 100 ਉੱਪਰ ਵੀ ਹੋ ਗਏ ਸਨ, ਜਿਸ ਕਾਰਨੰ ਉਮੀਦਵਾਰ ਵੱਲੋਂ ਪ੍ਰਸ਼ਨ ਨੰਬਰ 100 Attempt ਨਾ ਕਰਨ ਦੇ ਬਾਵਜੂਦ ਵੀ ਸਕੈਨਿੰਗ ਦੌਰਾਨ ਪ੍ਰਸ਼ਨ ਰੀਡ ਕਰ ਲਿਆ ਗਿਆ ਅਤੇ (ਹਸਤਾਖਰਾਂ ਕਰਕੇ) ਉੱਤਰ ਗਲਤ ਪਾਏ ਜਾਣ ਤੇ negative ਮਾਰਕਿੰਗ ਕੀਤੀ ਗਈ ਸੀ। ਇਸ ਦੇ ਸਨਮੁੱਖ ਉਮੀਦਵਾਰ ਸ੍ਰੀ ਵਰੁਣ ਰੋਲ ਨੰਬਰ 1064504 ਦੇ ਪ੍ਰੀਖਿਆ ਵਿੱਚ ਅੰਕ 36.00 ਤੋਂ 36.25 ਕੀਤੇ ਜਾਂਦੇ ਹਨ ਅਤੇ ਨਤੀਜੇ ਵਿੱਚ ਸੋਧ ਕਰਦੇ ਹੋਏ ਉਸਦਾ ਨਤੀਜਾ Open Category ਵਿੱਚ ਲੜੀ ਨੰਬਰ 8524 ਤੇ ਡਲੀਟ ਕਰਕੇ 8379-A ਉੱਤੇ ਅਤੇ S.C. (Ramdasia & Oth.) ਕੈਟਾਗਰੀ ਵਿੱਚ ਲੜੀ ਨੰਬਰ 1326 ਤੇ ਡਲੀਟ ਕਰਕੇ 1301-A ਤੇ ਦਰਜ ਕੀਤਾ ਜਾਂਦਾ ਹੈ।

2. ਉਪਰੋਕਤ ਤੋਂ ਇਲਾਵਾ ਉਮੀਦਵਾਰ ਸ੍ਰੀ ਕਮਲਜੀਤ ਸਿੰਘ ਪੁੱਤਰ ਸ੍ਰੀ ਕ੍ਰਿਸ਼ਨ ਲਾਲ,ਜਨਮ ਮਿਤੀ 23/11/1988 ਦੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਇਸ਼ਤਿਹਾਰ ਮਿਤੀ 02/12/2015 ਨੂੰ ਕੱਢੀਆਂ ਗਈਆਂ ਅੰਗਹੀਣ ਵਿਅਕਤੀਆਂ ਦੇ 3% ਕੋਟੇ ਅਧੀਨ ਬੈਕਲਾਗ ਦੀਆਂ ਕਲਰਕਾਂ ਦੀਆਂ ਅਸਾਮੀਆਂ ਦੇ ਨਤੀਜੇ ਵਿੱਚ ਨਾਮ ਨਾ ਆਉਣ ਸਬੰਧੀ ਪ੍ਰਤੀਬੇਨਤੀ ਨੂੰ ਇਸ ਦਫਤਰ ਵਿੱਚ ਵਿਚਾਰਿਆ ਗਿਆ। ਇਸ ਸਬੰਧੀ ਰਿਕਾਰਡ ਚੈੱਕ ਕਰਨ ਤੇ ਪਾਇਆ ਗਿਆ ਕਿ ਉਮੀਦਵਾਰ ਸ੍ਰੀ ਕਮਲਜੀਤ ਸਿੰਘ ਵੱਲੋਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਤੇ ਇਸ਼ਤਿਹਾਰ ਮਿਤੀ 02/12/2015 ਰਾਹੀਂ ਕੱਢੀਆਂ ਕਲਰਕਾਂ ਦੀਆਂ ਅਸਾਮੀਆਂ (GAD) ਲਈ ਅਪਲਾਈ ਕੀਤਾ ਗਿਆ ਸੀ। ਜਿਸ ਦੇ ਅਧਾਰ ਤੇ ਉਮੀਦਵਾਰ ਸ੍ਰੀ ਕਮਲਜੀਤ ਸਿੰਘ ਪੁੱਤਰ ਸ੍ਰੀ ਕਿਸ਼ਨ ਲਾਲ ਵੱਲੋਂ ਲਿਖਤੀ ਪ੍ਰੀਖਿਆ ਮਿਤੀ 06/05/2018 ਦੇ ਨਤੀਜੇ ਵਿੱਚ ਪ੍ਰਾਪਤ ਕੀਤੇ ਗਏ 38 ਅੰਕਾਂ ਦੇ ਅਧਾਰ ਤੇ ਉਸਦਾ ਨਾਮ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਤੇ ਇਸ਼ਤਿਹਾਰ ਮਿਤੀ 02/12/2015 ਨੂੰ ਕੱਢੀਆਂ ਕਲਰਕਾਂ ਦੀਆਂ ਅਸਾਮੀਆਂ (GAD) ਦੇ ਨਤੀਜੇ ਵਿੱਚ ਲੜੀ ਨੰਬਰ 66-A ਤੇ ਦਰਜ ਕੀਤਾ ਜਾਂਦਾ ਹੈ।

-ਸਹੀ-

ਮਿਤੀ 31/07/2018

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ